بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 31.07.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜੇਕਰ ਆਪ ਲੋਕ ਤਕਵਾ ਤੇ ਪਵਿੱਤਰਤਾ ਨੂੰ ਆਪਣੇ ਅੰਦਰ ਪੈਦਾ ਕਰੋ ਅਤੇ ਦੁਆਵਾਂ ਤੇ ਇਲਾਹੀ ਸਿਮਰਣ ਦੀ ਆਦਤ ਪਾਓ ਅਤੇ ਤਹਜੁੱਦ ਅਤੇ ਦੁਰੂਦ ਉਪੱਰ ਨਿਰੰਤਰਤਾ ਰੱਖੋ ਤਾਂ ਰੱਬ ਨਿਸਚੇ ਹੀ ਆਪ ਨੂੰ ਸੱਚੇ ਸੁਪਨੇ ਤੇ ਕਸ਼ਫ਼ ਵਿੱਚੋਂ ਹਿੱਸਾ ਦੇਵੇਗਾ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 31 ਜੁਲਾਈ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਬੀਤੇ ਦਿਨੀ ਕਿਸੇ ਨੇ ਇਕ ਛੋਟੀ ਜਿਹੀ ਵੀਡੀਓ ਦਿਖਾਈ ਇਕ ਅਫ਼ਰੀਕਨ ਮੌਲਵੀ ਵੱਡੀ ਉਮਰ ਦੇ ਲੋਕਾਂ ਨੂੰ ਕੁਰਆਨ ਪੜ੍ਹਾ ਰਿਹਾ ਹੈ ਅਤੇ ਰਤਾ ਜਿਹੀ ਗ਼ਲਤੀ ਉਪੱਰ ਸੋਟੀਆਂ ਨਾਲ ਮਾਰ ਮਾਰ ਕੇ ਉਹਨਾਂ ਦਾ ਬੁਰਾ ਹਾਲ ਕੀਤਾ ਹੋਇਆ ਸੀ । ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਲੋਕ ਕੁਰਆਨ ਪੜ੍ਹਨ ਤੋਂ ਦੂਰ ਭਜੱਦੇ ਹਨ ਤੇ ਇਹੋ ਕਾਰਣ ਹੈ ਕਿ ਮੁਸਲਮਾਨਾਂ ਵਿੱਚੋਂ ਜੋ ਗ਼ੈਰ ਅਰਬ ਹਨ ਬਹੁਤਿਆਂ ਨੂੰ ਕੁਰਆਨ ਕਰੀਮ ਪੜ੍ਹਨਾ ਵੀ ਨਹੀਂ ਆਉਂਦਾ । ਸੋ, ਜੇਕਰ ਕਰੁਆਨ ਪੜ੍ਹਾਉਣਾ ਹੈ ਤਾਂ ਅਜਿਹੇ ਢੰਗ ਨਾਲ ਪੜ੍ਹਾਉਣਾ ਚਾਹੀਦਾ ਹੈ ਕਿ ਜਿਸ ਤੋਂ ਸ਼ੌਕ ਤੇ ਪ੍ਰੇਮ ਪੈਦਾ ਹੋਵੇ । ਬੀਤੇ ਦਿਨੀ ਇਕ ਜਾਪਾਨੀ ਇਸਤਰੀ ਜੋ ਏਥੇ ਰਹਿੰਦੀ ਸਨ ਮਿਲਣ ਲਈ ਆਈਂ । ਉਹਨਾਂ ਨੇ ਕੁਝ ਸਮਾਂ ਪਹਿਲਾਂ ਬੈਅਤ ਕੀਤੀ ਸੀ । ਉਹਨਾਂ ਨੇ ਦੱਸਿਆ ਕਿ ਤਿੰਨ ਸਾਲ ਵਿੱਚ ਰੱਬ ਦੀ ਮਿਹਰ ਨਾਲ ਉਹਨਾਂ ਸਾਰਾ ਕੁਰਆਨ ਕਰੀਮ ਪੜ੍ਹ ਲਿਆ ਹੈ ਅਤੇ ਉਹ ਕੁਝ ਸੁਨਾਉਣਾ ਚਾਹੁੰਦੀ ਸਨ, ਇਸ ਲਈ ਮੈਂ ਕਿਹਾ ਸੁਨਾਉਣ । ਤਾਂ ਉਹਨਾਂ ਨੇ ਆਇਤੁਲ ਕੁਰਸੀ ਇਉਂ ਡੁੱਬਕੇ ਸੁਣਾਈ ਕਿ ਹੈਰਾਨੀ ਹੁੰਦੀ ਸੀ, ਅਸਲ ਚੀਜ਼ ਇਹੋ ਹੈ ਕਿ ਕੁਰਆਨ ਕਰੀਮ ਨਾਲ ਅਜਿਹੀ ਮੁਹਬੱਤ ਹੋਵੇ ਕਿ ਇਸ ਵਿੱਚ ਡੁੱਬ ਕੇ ਇਸ ਨੂੰ ਪੜ੍ਹਿਆ ਜਾਵੇ । ਕੇਵਲ ਦਿਖਾਵੇ ਲਈ ਕਾਰੀਆਂ ਵਾਂਗ ਗਲੇ ਵਿੱਚੋਂ ਅਵਾਜ਼ਾਂ ਕੱਢ ਲੈਣਾ ਉਦੇਸ਼ ਤਾਂ ਨਹੀਂ ਹੈ । ਰੱਬ ਨੇ ਤਰਤੀਲ (ਸੁੰਦਰ ਸ਼ੈਲੀ) ਨਾਲ ਪੜ੍ਹਨ ਦਾ ਹੁਕਮ ਦਿੱਤਾ ਹੈ । ਠਹਿਰ ਠਹਿਰ ਕੇ ਅਤੇ ਜਿੱਥੋਂ ਤੱਕ ਉਚਿੱਤ ਉਚੱਾਰਣ ਹੋ ਸਕਦਾ ਹੋਵੇ ਕਰਕੇ ਪੜ੍ਹਿਆ ਜਾਵੇ । ਜਕੇਰ ਅਸੀਂ ਆਖੀਏ ਕਿ ਅਸੀਂ ਅਰਬਾਂ ਵਾਂਗ ਸ਼ਬਦਾਂ ਦੀ ਅਦਾਇਗੀ ਕਰ ਸਕਦੇ ਹਾਂ ਤਾਂ ਇਹ ਔਖਾ ਹੈ । ਕਈ ਅੱਖਰਾਂ ਦਾ ਸਹੀ ਉਚੱਾਰਣ ਗ਼ੈਰ ਅਰਬ ਕਰ ਹੀ ਨਹੀਂ ਸਕਦੇ । ਸਿਵਾਏ ਇਸ ਦੇ ਕਿ ਅਰਬਾਂ ਵਿੱਚ ਪਲੇ ਵੱਡੇ ਹੋਏ ਹੋਣ । ਬਹਿਰਹਾਲ ਅਸਲ ਚੀਜ਼ ਰੱਬ ਦੇ ਕਲਾਮ ਨਾਲ ਪ੍ਰੇਮ ਹੈ ਉਸ ਨੂੰ ਜਿੱਥੋਂ ਤੱਕ ਹੋ ਸਕੇ ਸਹੀ ਢੰਗ ਨਾਲ ਅਦਾ ਕਰਨਾ ਚਾਹੀਦਾ ਹੈ, ਓਸ ਦਾ ਜਤਨ ਕਰਨਾ ਚਾਹੀਦਾ ਹੈ, ਨ ਕਿ ਕੇਵਲ ਕਾਰੀ ਬਨਣਾ ਅਤੇ ਦਿਖਾਵੇ ਲਈ ਮੁਕਾਬਲਿਆਂ ਵਿੱਚ ਭਾਗ ਲੈਣਾ । ਰੱਬ ਅਤੇ ਉਸ ਦੇ ਰਸੂਲ ਦੀ ਹਜ਼ਰਤ ਬਿਲਾਲ

ਅਨਹੁ ਦੇ ਅਸ਼ਹਾਦੁ ਦੀ ਥਾਂ ਅਸਹਾਦੁ ਕਹਿਣ'ਤੇ ਪਿਆਰ ਦੀ ਜੋ ਨਜ਼ਰ ਸੀ ਉਸ ਦਾ ਕੋਈ ਕਾਰੀ ਜਾਂ ਅਰਬ ਮੁਕਾਬਲਾ ਨਹੀਂ ਕਰ ਸਕਦਾ ।

ਮੁਸਲਮਾਨਾਂ ਦੀ ਅਧਿਕਤਾ ਜਿਵੇਂ ਕਿ ਮੈਂ ਕਿਹਾ ਕੁਰਆਨ ਕਰੀਮ ਪੜ੍ਹਨਾ ਨਹੀਂ ਜਾਣਦੀ । ਅਫਰੀਕਾ ਵਿੱਚ ਅਨੇਕਾਂ ਹੀ ਅਜਿਹੇ ਮੌਕੇ ਆਉਂਦੇ ਹਨ ਕਿ ਸਾਡੇ ਮੁਬਲੱਗ਼ੀਨ ਨੂੰ ਅਰੰਭਕ ਕਾਇਦਾ ਪੜ੍ਹਾਉਣਾ ਪੈਂਦਾ ਹੈ । ਉਹਨਾਂ ਲੋਕਾਂ ਨੂੰ ਕੁਰਆਨ ਕਰੀਮ ਪੜ੍ਹਾਉਣਾ ਹੈ ਇਸ ਲਈ ਕੁਰਆਨ ਕਰੀਮ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਇਸ ਢੰਗ ਨਾਲ ਪੜ੍ਹਾਉਣਾ ਚਾਹੀਦਾ ਹੈ ਕਿ ਕੁਰਆਨ ਕਰੀਮ ਪੜ੍ਹਨ ਦਾ ਸ਼ੌਕ ਪੈਦਾ ਹੋਵੇ । ਰੱਬ ਉਸ ਇਸਤਰੀ ਨੂੰ ਵੀ ਅਜਰ ਦੇਵੇ ਜਿਨ੍ਹਾਂ ਨੇ ਇਸ ਜਾਪਾਨੀ ਇਸਤਰੀ ਨੂੰ ਨ ਕੇਵਲ ਕੁਰਆਨ ਪੜ੍ਹਾਇਆ ਸਗੋਂ ਲਗਦਾ ਸੀ ਕਿ ਕੁਰਆਨ ਕਰੀਮ ਦੀ ਮੁਹਬੱਤ ਵੀ ਪੈਦਾ ਕੀਤੀ ਹੈ ।

ਸੋ, ਅਸਲ ਚੀਜ ਕਾਰੀ ਵਾਂਗ ਕਿਰਅਤ (ਪਾਠ) ਨਹੀਂ ਅਤੇ ਇਹ ਨਹੀਂ ਸੋਚਣਾ ਚਾਹੀਦਾ ਕਿ ਜੇਕਰ ਇਸ ਪ੍ਰਕਾਰ ਸ਼ਬਦਾਂ ਦਾ ਉਚੱਾਰਣ ਨ ਕਰ ਸਕੀਏ ਤਾਂ ਕੁਰਆਨ ਕਰੀਮ ਹੀ ਪੜ੍ਹਨਾ ਛੱਡ ਦੇਈਏ । ਕੁਰਆਨ ਕਰੀਮ ਪੜ੍ਹਨਾ ਜ਼ਰੂਰੀ ਹੈ, ਇਸ ਵਿੱਚ ਬਿਹਤਰੀ ਲਿਆਉਣ ਦਾ ਜਤਨ ਕਰਨਾ ਚਹੀਦਾ ਹੈ ਪਰ ਕੇਵਲ ਇਸ ਗੱਲ'ਤੇ ਕਿ ਕੁਝ ਸ਼ਬਦਾਂ ਦਾ ਉਚੱਾਰਣ ਨਹੀਂ ਕਰ ਸਕਦੇ ਜਾਂ ਔਖੇ ਹਨ ਕੁਰਆਨ ਕਰੀਮ ਪੜ੍ਹਨਾ ਹੀ ਨਹੀਂ ਛੱਡ ਦੇਣਾ ਚਾਹੀਦਾ ਸਗੋਂ ਤਲਾਵਤ ਵੱਲ ਪ੍ਰਤੀਦਿਨ ਹਰ ਅਹਮਦੀ ਦੀ ਤਵਜੁੱਹ ਹੋਣੀ ਚਾਹੀਦੀ ਹੈ । ਹਾਂ, ਇਹ ਜਤਨ ਅਵਸ਼ ਹੋਣਾ ਚਾਹੀਦਾ ਹੈ ਕਿ ਜਿਵੇਂ ਕਿ ਮੈਂ ਕਿਹਾ ਕਿ ਅਸਲ ਉਚੱਾਰਣ ਦੇ ਜਿੰਨ੍ਹਾ ਨੇੜੇ ਹੋ ਸਕੇ ਅਸਾਨੀ ਨਾਲ ਸ਼ਬਦਾ ਦੀ ਅਦਾਇਗੀ ਹੋ ਸਕੇ ਕੀਤੀ ਜਾਵੇ ਅਤੇ ਫਿਰ ਇਸ ਵਿੱਚ ਬਿਹਤਰੀ ਲਿਆਉਣ ਦਾ ਜਤਨ ਕੀਤਾ ਜਾਵੇ ।

ਇਕ ਅਰਬ ਵਾਸੀ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਿਲਣ ਲਈ ਆਇਆ ਤਾਂ ਜੱਦ ਗੱਲਾਂ ਵਿੱਚ ਦੋ ਤਿੰਨ ਵਾਰ ਅਖੱਣ ਜ਼ੁਆਦ (ض) ਦੀ ਵਰਤੋਂ ਕੀਤੀ ਤਾਂ ਕਹਿਣ ਲੱਗਾ, ਆਪ ਕਿਵੇਂ ਮਸੀਹ ਮੌਊਦ ਹੋ ਸਕਦੇ ਹਨ ਆਪ ਨੂੰ ਤਾਂ ਜ਼ੁਆਦ ਵੀ ਨਹੀਂ ਕਹਿਣਾ ਆਉਂਦਾ । ਉਸ ਅਰਬ ਨੇ ਇਹ ਬਹੁਤ ਹੀ ਵਿਅਰਥ ਹਰਕਤ ਕੀਤੀ ਸੀ । ਅਰਬ ਆਪ ਕਹਿੰਦੇ ਹਨ ਅਸੀਂ ਨਾਤਿਕੀਨ ਬਿਜ਼ੱਾਦ ਹਨ, ਹਿੰਦੁਸਤਾਨੀ ਇਸਨੂੰ ਅਦਾ (ਉਚੱਾਰਣ) ਨਹੀਂ ਕਰ ਸਕਦੇ ।

ਇਸ ਲਈ ਅਰਬ ਅਹਮਦੀਆਂ ਨੂੰ ਵੀ ਇਹ ਗੱਲ ਸਾਹਮਣੇ ਰਖੱਣੀ ਚਾਹੀਦੀ ਹੈ ਕਿ । ਸਾਧਾਰਣ ਤੌਰ'ਤੇ ਅਧਿਕਤਰ ਇਸ ਗੱਲ ਨੂੰ ਸਕਝਦੇ ਹਨ ਪਰ ਕੁਝ ਸੁਭਾਵਾਂ ਵਿੱਚ ਕੁਝ ਫ਼ਖਰ ਦੀ ਅਵਸਥਾ ਵੀ ਹੁੰਦੀ ਹੈ । ਇਸਲਾਮ ਵਿੱਚ ਤਾਂ ਹਰ ਕੌਮ ਦੇ ਦਿਲ ਜਿੱਤਕੇ ਉਹਨਾਂ ਨੂੰ ਰੱਬ ਦੇ ਕਲਾਮ ਤੋਂ ਨ ਕੇਵਲ ਜਾਣੂ ਕਰਵਾਉਣਾ ਹੈ ਸਗੋਂ ਸਗੋਂ ਉਸ ਨੂੰ ਪੜ੍ਹਨ ਲਈ ਉਹਨਾਂ ਦੇ ਦਿਲਾ ਵਿੱਚ ਮੁਹਬੱਤ ਵੀ ਪੈਦਾ ਕਰਨੀ ਹੈ ਅਤੇ ਹਰ ਇਕ ਦਾ ਵਖੱਰਾ ਵਖੱਰਾ ਲਹਿਜਾ (ਉਚੱਰਣ ਸਮਰਥਾ) ਹੈ । ਹਰ ਇਕ ਕੁਰਆਨ ਕਰੀਨ ਨਾਲ ਪ੍ਰੇਮ ਦੇ ਸਬਬ ਉਸਨੂੰ ਚੰਗੇ ਢੰਗ ਨਾਲ ਪੜ੍ਹਨ ਦਾ ਜਤਨ ਕਰਦਾ ਹੈ ਅਤੇ ਕਰਨਾ ਵੀ ਚਾਹੀਦਾ ਹੈ ਅਤੇ ਨਿਸਚੇ ਹੀ ਤਰਤੀਲ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਜੋ ਇਸ ਬਾਰੇ ਵਿੱਚ ਨਵੇਂ ਮੁਸਲਮਾਨਾਂ ਦੀ ਮਦਦ ਕਰ ਸਕਦੇ ਹਨ ਉਹਨਾਂ ਨੂੰ ਵੀ ਮਦਦ ਕਰਨੀ ਚਾਹੀਦੀ ਹੈ । ਜਿੰਨ੍ਹਾ ਨੂੰ ਸਹੀ ਉਚੱਾਰਣ ਨਾਲ ਪੜ੍ਹਨਾ ਆਉਂਦਾ ਹੋਵੇ, ਪਰ ਮਜ਼ੌਲ ਉਡਾਉਣ ਦੀ ਆਗਿਆ ਨਹੀਂ ਹੋ ਸਕਦੀ ।

ਇਸ ਗੱਲ ਵੱਲ ਧਿਆਨ ਦੁਆਉਂਦਿਆਂ ਹੋਇਆ ਕਿ ਕਿਵੇਂ ਆਪਣੀਆਂ ਹਾਲਤਾਂ ਨੂੰ ਠੀਕ ਕਰਕੇ ਆਪਣੇ ਈਮਾਨ ਵਿੱਚ ਵਾਧਾ ਕਰਨਾ ਚਾਹੀਦਾ ਹੈ ਅਤੇ ਰੱਬ ਨਾਲ ਸੰਬੰਧ ਪੈਦਾ ਕਰਨਾ ਚਾਹੀਦਾ ਹੈ । ਹਜ਼ਰਤ ਮੁਸਲਿਹ ਮੌਊਦ ਨੇ ਜਮਾਤ ਨੂੰ ਨਸੀਹਤ ਕਰਦਿਆਂ ਹੋਇਆਂ ਇਕ ਮੌਕੇ ਫ਼ਰਮਾਇਆਕਿ ਜੇਕਰ ਆਪ ਲੋਕ ਸੰਜਮਤਾ ਤੇ ਪਵਿਤੱਰਤਾ ਆਪਣੇ ਅੰਦਰ ਪੈਦਾ ਕਰ ਲਉਗੇ ਅਤੇ ਦੁਆਵਾਂ ਤੇ ਇਲਾਹੀ ਸਿਮਰਣ ਦੀ ਆਦਤ ਪਾ ਲਓਗੇ ਅਤੇ ਤਹਜੁੱਦ ਤੇ ਦੁਰੂਦ'ਤੇ ਨਿਰੰਤਰਤਾ ਰੱਖੋਗੇ ਤਾਂ ਰੱਬ ਨਿਸ਼ਚੇ ਹੀ ਆਪ ਲੋਕਾਂ ਨੂੰ ਵੀ ਸੱਚੇ ਸੁਪਨੇ ਅਤੇ ਕਸ਼ਫ਼ (ਦਿਵ ਦ੍ਰਿਸ਼) ਵਿੱਚੋਂ ਹਿਸੱਾ ਦੇਵੇਗਾ ਅਤੇ ਆਪਣੇ ਇਲਹਾਮ ਤੇ ਕਲਾਮ ਰਾਹੀਂ ਸਨਮਾਨਤ ਕਰੇਗਾ ਅਤੇ ਵਾਸਤਵ ਵਿੱਚ ਜੀਉਂਦਾ ਚਮਤਕਾਰ ਉਹੋ ਹੁੰਦਾ ਹੈ ਜੋ ਮਨੁੱਖ ਦੇ ਆਪਣੇ ਵਿਅਕਤੀਤਵ ਉਪੱਰ ਪ੍ਰਕਟ ਹੋਵੇ । ਬੇਸ਼ਕ

ਹਜ਼ਰਤ ਇਬਰਾਹੀਮ ਅਲੈਹਿਸਲਾਮ ਦੇ ਚਮਤਕਾਰ ਵੀ ਵੱਡੇ ਹਨ, ਹਜ਼ਰਤ ਮੂਸਾ ਅਲੈਹਿ ਸਲਾਮ ਦੇ ਚਮਤਕਾਰ ਵੀ ਵੱਡੇ ਹਨ, ਹਜ਼ਰਤ ਈਸਾ ਅਲੈਹਿ ਸਲਾਮ ਦੇ ਚਮਤਕਾਰ ਵੀ ਵੱਡੇ ਹਨ ਪਰ ਜਿੱਥੋਂ ਤੱਕ ਮਨੁੱਖ ਦੇ ਆਪਣੇ ਵਿਅਕਤੀਤਵ ਦਾ ਪ੍ਰਸ਼ਨ ਹੁੰਦਾ ਹੈ ਉਸ ਲਈ ਉਹੋ ਵੱਡਾ ਚਮਤਕਾਰ ਹੁੰਦਾ ਹੈ ਜਿਸ ਦਾ ਉਹ ਆਣੇ ਵਿਅਕਤੀਤਵ ਵਿੱਚ ਅਵਲੋਕਣ ਕਰਦਾ ਹੈ ਅੱਜ ਕਲ ਵੀ ਲੋਕ ਇਹੋ ਪ੍ਰਸ਼ਨ ਕਰਦੇ ਹਨ । ਜੇਕਰ ਚਮਤਕਾਰ ਦੇਖਣੇ ਹਨ ਤਾਂ ਰੱਬ ਨਾਲ ਸੰਬੰਧ ਪੈਦਾ ਕਰਨਾ ਵੀ ਜ਼ਰੂਰੀ ਹੈ । ਈਮਾਨ ਵਿੱਚ ਵਾਧਾ ਅਤੇ ਵਿਅਕਤੀਗਤ ਉਧਾਰਣ ਦਿੰਦਿਆ ਹੋਇਆਂ ਆਪ ਹਜ਼ਰਤ ਸਾਹਿਬਜ਼ਾਦਾ ਅਬਦੁਲ ਲਤੀਫ਼ ਸ਼ਹੀਦ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਾਹਿਬਜ਼ਾਦਾ ਅਬਦੁਲ ਲਤੀਫ਼ ਸਾਹਬ ਸ਼ਹੀਦ ਨੂੰ ਦੇਖ ਲਓ । ਉਹਨਾਂ ਨੇ ਜੱਦ ਅਹਮਦੀਅਤ ਕੁਬੂਲ ਕੀਤੀ ਅਤੇ ਕਾਦੀਆਂ ਵਿੱਚ ਕੁਝ ਸਮਾਂ ਠਹਿਰਨ ਦੇ ਬਾਦ ਕਾਬਲ ਵਾਪਸ ਗਏ ਤਾਂ ਓਥੋਂ ਦੇ ਗਵਰਨਰ ਨੇ ਉਹਨਾਂ ਨੂੰ ਬੁਲਾਇਆ ਅਤੇ ਕਿਹਾ ਕਿ ਤੌਬਾ ਕਰ ਲਓ । ਉਹਨਾਂ ਨੇ ਕਿਹਾ ਕਿ ਮੈਂ ਤੌਬਾ ਕਿਵੇਂ ਕਰਾਂ । ਜੱਦ ਮੈਂ ਕਾਦੀਆਂ ਤੋਂ ਤੁਰਿਆ ਸੀ ਤਾਂ ਉਸੇ ਸਮੇਂ ਮੈਂ ਸੁਪਨੇ ਵਿੱਚ ਦੇਖਿਆ ਸੀ ਕਿ ਮੈਂਨੂੰ ਹੱਥਕੜੀਆਂ ਪਈਆਂ ਹੋਈਆਂ ਹਨ । ਸੋ, ਜੱਦ ਰੱਬ ਨੇ ਕਿਹਾ ਸੀ ਕਿ ਮੈਂ ਤੁਹਾਨੂੰ ਇਸ ਮਾਰਗ ਵਿੱਚ ਹੱਥਕੜੀਆਂ ਪਾਉਂਣੀਆਂ ਪੈਣਗੀਆਂ ਤਾਂ ਮੈਂ ਹੁਣ ਇਹਨਾਂ ਹੱਥਕੜੀਆਂ ਨੂੰ ਲਾਹੁਣ ਦਾ ਜਤਨ ਕਿਵੇਂ ਕਰਾਂ । ਇਹ ਹੱਥਕੜੀਆਂ ਮੇਰੇ ਹੱਥਾਂ ਵਿੱਚ ਪਈਆਂ ਰਹਿਣੀਆਂ ਚਾਹੀਦੀਆਂ ਹਨ, ਤਾਂ ਜੋ ਮੇਰੇ ਰੱਬ ਦੀਆਂ ਗੱਲਾਂ ਪੂਰੀਆਂ ਹੋਣ । ਹੁਣ ਦੇਖੋ ਉਹਨਾਂ ਨੂੰ ਇਹ ਭਰੋਸਾ ਤੇ ਵਿਸ਼ਵਾਸ ਇਸ ਲਈ ਹੋਇਆ ਕਿ ਉਹਨਾਂ ਨੇ ਆਪ ਇਕ ਸੁਪਨੇ ਵਿੱਚ ਦੇਖਿਆ ਸੀ । ਇਸੇ ਪ੍ਰਕਾਰ ਕੋਈ ਕਿੰਨ੍ਹਾ ਹੀ ਥੜਾ ਗਿਆਨ ਰੱਖਦਾ ਹੋਵੇ ਜੇਕਰ ਉਹ ਕੋਈ ਸੁਪਨਾ ਦੇਖ ਲਏ ਤਾਂ ਬੁਜ਼ਦਿਲੀ ਕਰਕੇ ਇਸ ਨੂੰ ਲੁਕਾ ਲਏ ਤਾਂ ਹੋਰ ਗੱਲ ਹੈ ਨਹੀਂ ਤਾਂ ਆਪਣੇ ਝੂਠੇ ਸੁਪਨੇ ਉਪੱਰ ਵੀ ਉਸ ਨੂੰ ਇਸ ਤੋਂ ਵੱਧ ਵਿਸ਼ਵਾਸ ਹੁੰਦਾ ਹੈ ।

ਸੋ, ਜੇਕਰ ਮਨੁੱਖ ਦਾ ਈਮਨ ਪਕੱਾ ਹੋਵੇ ਅਤੇ ਰੱਬ ਨਾਲ ਸੰਬੰਧ ਹੋਵੇ ਤਾਂ ਫਿਰ ਮਨੁੱਸ ਦੁਨੀਆਦਾਰਾਂ ਕੋਲੋਂ ਨਹੀਂ ਡਰਦਾ । ਇਸ ਦੀ ਇਕ ਹੋਰ ਉਧਾਰਣ ਦਿੰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਨੇ ਫ਼ਰਮਾਇਆ ਕਿ ਹਜ਼ਰਤ ਸੂਫ਼ੀ ਅਹਮਦ ਜਾਂਨ ਸਾਹਬ ਲੁਧਿਆਣਵੀ ਬਹੁਤ ਵੱਡੇ ਮਹਾਪੁਰਖ ਸਨ ਅਤੇ ਜੁਗ ਦੇ ਨੇਕ ਲੋਕਾਂ ਵਿੱਚੋਂ ਸਨ । ਇਕ ਵਾਰ ਮਹਾਰਾਜਾ ਜੰਮੂ ਨੇ ਉਹਨਾਂ ਨੂੰ ਦਾਵਤ ਦਿੱਤੀ ਕਿ ਆਪ ਜੰਮੂ ਆਕੇ ਮੇਰੇ ਲਈ ਦੁਆ ਕਰਨ, ਪਰ ਆਪ ਨੇ ਇਨਕਾਰ ਕਰ ਦਿੱਤਾ ਅਤੇ ਕਹਿ ਦਿੱਤਾ ਕਿ ਜਕੇਰ ਆਪ ਦੁਆ ਕਰਾਉਂਣਾ ਚਾਹੁੰਦੇ ਹੋ ਤਾਂ ਏਧਰ ਮੇਰੇ ਪਾਸ ਅਉਣ ਮੈਂ ਆਪ ਦੇ ਕੋਲ ਚੱਲ ਕੇ ਕਿਉਂ ਜਾਵਾਂ ।

ਸੋ, ਜੇਕਰ ਰੱਬ ਨਾਲ ਸੰਬੰਧ ਹੋਵੇ ਤਾਂ ਜਿੰਨ੍ਹਾ ਵੱਡਾ ਮਰਜ਼ੀ ਮਨੁੱਖ ਹੋਵੇ, ਉਸ ਤੋਂ ਮਨੁੱਖ ਨਹੀਂ ਡਰਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਪਹਿਲਾਂ ਲੋਕਾਂ ਦੀ ਕਿੰਨ੍ਹੀ ਆਸਥਾ ਸੀ ਉਸ ਦਾ ਅਤੇ ਫਿਰ ਆਪ ਦੇ ਦਾਵੇ ਦੇ ਬਾਦ ਕੀ ਅਵਸਥਾ ਹੋ ਗਈ ਉਸ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਨੇ ਵਰਨਣ ਕੀਤਾ ਕਿ ਦੇਖੋ ਬ੍ਰਾਹੀਨ ਅਹਮਦੀਆ ਦੀ ਸ਼ੁਹਰਤ ਨੂੰ ਸੰਮੁੱਖ ਰੱਖਦਿਆਂ ਹੋਇਆਂ ਅਸੀਂ ਕਹਿ ਸਕਦੇ ਹਾਂ ਕਿ ਲੱਖਾਂ ਹੀ ਲੋਕ ਆਪ ਨਾਲ ਅਕੀਦਤ ਰੱਖਦੇ ਸਨ ਪਰ ਜੱਦ ਆਪਨੇ ਦਾਵਾ ਕੀਤਾ ਤਾਂ ਕੀ ਵੱਡੇ ਵੱਡੇ ਪ੍ਰਭਾਵੀ ਈਮਾਨਦਾਰ ਆਪ ਤੋਂ ਫਿਰ ਗਏ ਅਤੇ ਕਹਿਣ ਲੱਗੇ ਜਿਸ ਨੂੰ ਅਸੀਂ ਸੋਨਾ ਸਮਝਦੇ ਸੀ ਦੁੱਖ ਦੀ ਗੱਲ ਹੈ ਉਹ ਪਿਤੱਲ ਨਿਕਲਿਆ । ਅਜਿਹੇ ਲੱਖਾਂ ਹੀ ਮਨੁੱਖ ਇਕ ਦਮ ਬਦਜ਼ਨ ਹੋ ਗਏ । ਇੱਥੋਂ ਤੱਕ ਕਿ ਜੱਦ ਆਪ ਨੇ ਬੈਅਤ ਦਾ ਐਲਾਨ ਕੀਤਾ ਤਾਂ ਪਹਿਲੇ ਦਿਨ ਕੇਵਲ ਚਾਲ੍ਹੀ ਵਿਅਕਤੀਆਂ ਨੇ ਬੈਅਤ ਕੀਤੀ ।

ਅੱਜ ਕੱਲ ਵੀ ਵੱਖ ਵੱਖ ਨਾਂ ਨਿਹਾਦ ਇਸਲਾਮੀ ਟੀਵੀ ਚੈਨਲ ਇਸ ਹਵਾਲੇ ਨਾਲ ਵੱਡੀਆਂ ਵੱਡੀਆਂ ਗੱਲ ਕਰਦੇ ਹਨ ਕਿ ਸੇਵਾ ਦੀ ਉਸ ਸਮੇਂ ਲੋੜ ਸੀ ਪਰ ਬਾਦ ਵਿੱਚ ਨਊਜ਼ਬਿੱਲਾਹ ਵਿਗੜ ਗਏ । ਪਰ ਅਸਲ ਵਿੱਚ ਤਾਂ ਇਹ ਲੋਕ ਉਹ ਹਨ ਜੋ ਦਿਲ ਦੇ ਅੰਨ੍ਹੇ ਹਨ ਅਤੇ ਜਿਸ ਨੂੰ ਰੱਬ ਨੇ ਸੋਨਾ ਬਣਾਇਆ ਹੈ ਉਸ ਨੂੰ ਇਹ ਲੋਕ ਪਿਤੱਲ ਸਮਝ ਬੈਠੇ ਹਨ । ਰੱਬ ਦੀਆਂ ਕਰਮ ਰੂਪੀ ਗਵਾਹੀਆਂ ਵੱਲ ਦੇਖਣ ਦੀ ਥਾਂ ਉਹ ਆਪਣੇ ਆਪੇ ਦੇ ਹਨ੍ਹੇਰਿਆਂ ਵਿੱਚ ਡੁੱਬ ਗਏ ਹਨ ਅਤੇ ਘੱਟ ਗਿਆਨ ਰੱਖਣ ਵਾਲੇ ਮੁਸਲਮਾਨਾਂ ਨੂੰ ਵੀ ਗੁਮਰਾਹ ਕਰ ਰਹੇ ਹਨ, ਰੱਬ ਇਹਨਾ ਨੂੰ ਅਕਲ ਦੇਵੇ ।

ਇਕ ਵਾਰ ਜੱਦ 1931 ਈ. ਦੀ ਪ੍ਰਾਮਰਸ਼ ਸਭਾ (ਮਜਲਿਸੇ ਸ਼ੂਰਾ) ਵਿੱਚ ਦਾਰੁਲਬੈਅਤ ਲੁਧਿਆਣੇ ਬਾਰੇ ਚਰਚਾ ਹੋਈ ਤਾਂ ਹਜ਼ਰਤ ਮੁਸਲਿਹ ਮਊਦ ਨੇ ਓਥੋਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਮੇਰੇ ਨੇੜੇ ਇਹ ਮਹਤਵਪੂਰਨ ਮਾਮਲਾ ਹੈ ਅਰਥਾਤ

ਦਾਰੁਲਬੈਅਤ ਦਾ ਮਾਮਲਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿਲ ਦਾ ਬੂਹਾ ਕਰਾਰ ਦਿੱਤਾ ਹੈ ਜਿੱਥੇ ਦਜੱਾਲ ਦੇ ਕਤਲ ਦੀ ਭਵਿੱਖਬਾਣੀ ਹੈ । ਉਹ ਥਾਂ ਜਿੱਥੇ ਦੁਸ਼ਮਣਾ ਦਾ ਖ਼ਾਤਮਾ ਹੋਇਆ ਦਜੱਾਲ ਦਾ ਖ਼ਾਤਮਾ ਹੋਵੇਗਾ । ਅਜਿਹੇ ਸਥਾਨ ਲਈ ਜਿੱਥੇ ਕਾਦੀਆਂ ਤੋਂ ਬੈਅਤ ਲੈਣ ਲਈ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਤਸ਼ਰੀਫ਼ ਲੈ ਗਏ ਜਮਾਤ ਵਿੱਚ ਵਿਸੇਸ਼ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਸ ਥਾਂ ਦਾ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਨੇ ਜੱਦ ਆਪ ਤੋਂ ਬੈਅਤ ਲੈਣ ਦੀ ਬਿਨਤੀ ਕੀਤੀ ਤਾਂ ਆਪ ਨੇ ਫ਼ਰਮਾਇਆ ਏਥੇ ਬੈਅਤ ਨਹੀਂ ਲਈ ਜਾਵੇਗੀ । ਫਿਰ ਲੁਧਿਆਣੇ ਵਿੱਚ ਬੈਅਤ ਲਈ । ਓਥੋਂ ਦੇ ਪੀਰ ਅਹਮਦ ਜਾਨ ਸਾਹਬ ਮਰਹੂਮ ਜੋ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਦਾਵੇ ਤੋਂ ਪਹਿਲਾਂ ਹੀ ਫ਼ੌਤ ਹੋ ਗਏ ਸਨ ਉਹ ਉਹਨਾਂ ਲੋਕਾਂ ਵਿੱਚੋਂ ਸਨ ਜਿਨ੍ਹਂ ਨੂੰ ਰੱਬ ਨੇ ਦਾਵੇ ਤੋਂ ਪਹਿਲਾਂ ਹੀ ਆਪ ਉਪੱਰ ਈਮਾਨ ਲਿਆਉਣ ਦੀ ਤੋਫ਼ੀਕ ਬਖ਼ਸ਼ੀ ਸੀ ਜਿਸ ਦਾ ਪਹਿਲਾਂ ਹੀ ਵਰਨਣ ਹੋ ਚੁਕਿਆ ਹੈ। ਉਹਨਾਂ ਨੇ ਆਪਣੀ ਵਫ਼ਾਤ ਸਮੇਂ ਆਪਣੇ ਸਾਰੇ ਪਰਿਵਾਰ ਨੂੰ ਇਕਤੱਰ ਕਰਕੇ ਕਿਹਾ ਕਿ ਹਜ਼ਰਤ ਮਿਰਜ਼ਾ ਸਾਹਬ ਮਸੀਹੀਯਤ ਦਾ ਦਾਵਾ ਕਰਨਗੇ ਤੁਸੀਂ ਸਾਰੇ ਈਮਾਨ ਲੈ ਆਉਣਾ । ਸੋ, ਇਹ ਸਾਰਾ ਪਰਿਵਾਰ ਈਮਾਨ ਲੈ ਆਇਆ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੇਰਾ ਇਰਾਦਾ ਹੈ ਕਿ ਇਸ ਸਥਾਨ ਦਾ ਵਿਸ਼ੇਸ਼ ਤੋਰ'ਤੇ ਚਿਤੱਰ ਬਣਾਇਆ ਜਾਵੇ ਅਤੇ ਬੈਅਤ ਦੇ ਥਾਂ'ਤੇ ਇਕ ਵੱਖਰੀ ਥਾਂ ਨਿਯੁਕਤ ਕੀਤੀ ਜਾਵੇ ਅਤੇ ਨਿਸ਼ਾਨੀਆਂ ਲਾ ਦਿੱਤੀਆ ਜਾਣ ਕਿ ਅਤੇ ਇਸ ਮੌਕੇ'ਤੇ ਓਥੇ ਜਲਸਾ ਕੀਤਾ ਜਾਵੇ । ਚਾਲ੍ਹੀ ਆਦਮੀਆਂ ਤੋਂ ਇਸ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬੈਅਤ ਲਈ ਸੀ । ਉਹਨਾਂ ਸਾਰਿਆਂ ਦੇ ਨਾਂ ਇਸ ਥਾਂ ਲਿੱਖ ਦਿੱਤੇ ਜਾਣ । ਹਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਲੁਧਿਾਣੇ ਦਾ ਘਰ ਹੁਣ ਰੱਬ ਦੀ ਅਪਾਰ ਕ੍ਰਿਪਾ ਨਾਲ ਜਮਾਤ ਕੋਲ ਹੈ ਓਥੇ ਜਮਾਤ ਨੇ ਕਿਸੇ ਹੱਦ ਤੱਕ ਉਸ'ਤੇ ਅਮਲ ਕੀਤਾ ਹੈ । ਹੁਣ ਕੀ ਹੋ ਰਿਹਾ ਹੈ ਇਸ ਸਮੇਂ ਉਸ ਦਾ ਰਿਕਾਰਡ ਮੇਰੇ ਕੋਲ ਨਹੀਂ ਹੈ ਬਹਿਰਹਾਲ ਪਤਾ ਲੱਗ ਜਾਵੇ ਗਾ ਤਾਂ ਉਸ ਉਸ ਯਾਦਗਾਰ ਨੂੰ ਯਾਦਗਾਰ ਬਨਾਉਣ ਦਾ ਜਤਨ ਬਹਿਰ ਹਾਲ ਅਰੰਭ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਸਹਾਬੀ ਦੇ ਪ੍ਰੇਮ ਤੇ ਸੰਬੰਧ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੀਆਂ ਅਬਦੁਲੱਾਹ ਸਾਹਬ ਸੁਨੌਰੀ ਰਜ਼ੀ ਅਲੱਾਹ ਅਨਹੁ ਵੀ ਅਪਣੇ ਅੰਦਰ ਅਜਿਹਾ ਹੀ ਪ੍ਰੇਮ ਰੱਖਦੇ ਸਨ ਇਕ ਵਾਰ ਉਹ ਕਾਦੀਆਂ ਆਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਿਲੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਨਹਾਂ ਤੋਂ ਕੋਈ ਕੰਮ ਲੈ ਰਹੇ ਸਨ । ਇਸ ਲਈ ਜੱਦ ਮੀਆਂ ਅਬਦੁੱਲਾਹ ਸਾਹਬ ਸੁਨੌਰੀ ਦੀ ਛੁੱਟੀ ਖ਼ਤਮ ਹੋ ਗਈ ਅਤੇ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਤੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਹਜ਼ੂਰ ਨੇ ਫ਼ਰਮਾਇਆ ਹੁਣੇ ਠਹਿਰ ਜਾਓ । ਸੋ, ਉਹਨਾਂ ਨੇ ਵਧੇਰੇ ਛੁੱਟੀ ਲਈ ਬੇਨਤੀ ਪਤੱਰ ਭੇਜ ਦਿੱਤਾ, ਪਰ ਮਹਿਕਮੇ ਵੱਲੋਂ ਉਤੱਰ ਅਇਆ ਕਿ ਹੋਰ ਛੁੱਟੀ ਨਹੀਂ ਮਿਲ ਸਕਦੀ । ਉਹਨਾਂ ਨੇ ਇਸ ਗੱਲ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਚਰਚਾ ਕੀਤੀ ਤਾਂ ਆਪ ਨੇ ਫ਼ਰਮਾਇਆ ਕਿ ਹੁਣੇ ਠਹਿਰੋ, ਸੋ ਉਹਨਾਂ ਨੇ ਲਿੱਖ ਦਿੱਤਾ ਕਿ ਮੈਂ ਹੁਣੇ ਨਹੀਂ ਆ ਸਕਦਾ । ਇਸ'ਤੇ ਮਹਿਕਮੇ ਵਾਲਿਆਂ ਨੇ ਉਹਨਾਂ ਨੂੰ ਡਿਸਮਿਸ ਕਰ ਦਿੱਤਾ । ਸਰਕਾਰੀ ਮਹਿਕਮਾ ਸੀ ਚਾਰ ਜਾਂ ਛੇ ਮਹੀਨੇ ਜਿੰਨ੍ਹਾ ਸਮਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾਂ ਨੂੰ ਰਹਿਣ ਲਈ ਕਿਹਾ ਸੀ ਉਹ ਏਥੇ ਠਹਿਰੇ ਰਹੇ । ਫ਼ਿਰ ਜੱਦ ਵਾਪਸ ਗਏ ਤਾਂ ਮਹਿਕਮੇ ਨੇ ਇਹ ਪ੍ਰਸ਼ਨ ਚੁੱਕ ਦਿੱਤਾ ਕਿ ਜਿਸ ਅਫ਼ਸਰ ਨੇ ਉਹਨਾਂ ਨੂੰ ਡਿਸਮਿਸ ਕੀਤਾ ਸੀ ਉਸ ਅਫ਼ਸਰ ਦਾ ਇਹ ਅਧਿਕਾਰ ਹੀ ਨਹੀਂ ਸੀ ਕਿ ਉਹ ਉਹਨਾਂ ਨੂੰ ਡਿਸਮਿਸ ਕਰਦਾ । ਸੋ, ਉਹ ਫਿਰ ਆਪਣੀ ਥਾਂ 'ਤੇ ਬਹਾਲ ਹੋ ਗਏ ਅਤੇ ਪਿਛਲੇ ਮਹੀਨਿਆਂ ਦੀ ਜੋ ਕਾਦੀਆਂ ਰਹੇ ਸਨ ਤਨਖ਼ਵਾਹ ਵੀ ਮਿਲ ਗਈ ।

ਇਸੇ ਪ੍ਰਕਾਰ ਇਕ ਹੋਰ ਉਧਾਰਣ ਆਪ ਨੇ ਮੁਨਸ਼ੀ ਜ਼ਫ਼ਰ ਅਹਮਦ ਸਾਹਬ ਕਪੂਰਥਲਵੀ ਨਾਲ ਵਾਪਰਣ ਵਾਲੀ ਪੇਸ਼ ਕੀਤੀ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ, ਮੈਂ ਮੁਨਸ਼ੀ ਸਾਹਬ ਦੇ ਆਪਣੇ ਸ਼ਬਦਾਂ ਵਿੱਚ ਇਸ ਨੂੰ ਵਰਨਣ ਕਰ ਦਿੰਦਾ ਹਾਂ, ਉਹ ਕਹਿੰਦੇ ਹਨ ਕਿ ਜੱਦ ਮੈਂ ਸਰਕਾਰੀ ਨੌਕਰ ਹੋ ਗਿਆ ਅਤੇ ਪੇਸ਼ੀ ਦਾ ਕੰਮ ਕਰਦਾ ਸੀ ਤਾਂ ਇਕ ਵਾਰ ਮਿਸਲਾਂ ਆਦਿ

ਬੰਦ ਕਰਕੇ ਕਾਦੀਆਂ ਆ ਗਿਆ । ਤੀਜੇ ਦਿਨ ਮੈਂ ਆਗਿਆ ਮੰਗੀ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਅਜੇ ਠਹਿਰੋ, ਫਿਰ ਬਿਨਤੀ ਕਰਨੀ ਉਚਿਤ ਨ ਸਮਝੀ ਕਿ ਆਪ ਹੀ ਫਰਮਾਉਣਗੇ । ਇਸ'ਤੇ ਇਕ ਮਹੀਨਾ ਲੰਘ ਗਿਆ । ਓਧਰ ਮਿਸਲਾਂ ਮੇਰੇ ਘਰ ਵਿੱਚ ਸਨ ਕੰਮ ਬੰਦ ਹੋ ਗਿਆ ਅਤੇ ਸਖ਼ਤੀ ਭਰੇ ਪਤੱਰ ਆਉਣ ਲੱਗੇ । ਏਥੇ ਇਹ ਅਵਸਥਾ ਸੀ ਕਿ ਇਹਨਾ ਪਤੱਰਾਂ ਬਾਰੇ ਭਰਮ ਵੀ ਨਹੀਂ ਆਉਂਦਾ ਸੀ ਕਹਿੰਦੇ ਹਨ ਕਿ ਮੈਂ ਭੁੱਲ ਗਿਆ ਸਭ ਕੁਝ ਪਤੱਰ ਆਉਂਦੇ ਰਹੇ । ਹਜ਼ੂਰ ਦੀ ਸੰਗਤ ਵਿੱਚ ਇਕ ਅਜਿਹਾ ਸੂਖਮ ਆਨੰਦ ਤੇ ਮਗਨਤਾ ਸੀ ਕਿ ਨੌਕਰੀ ਉਪੱਰ ਜਾਣ ਦਾ ਵਿਚਾਰ ਤੱਕ ਨ ਆਇਆ ਸੀ ਅਤੇ ਨ ਹੀ ਕਿਸੇ ਦੀ ਪੁੱਛ ਗਿੱਛ ਦਾ ਭਰਮ । ਅੰਤ ਓਥੋਂ ਇਕ ਬਹੁਤ ਹੀ ਸਖ਼ਤ ਪਤੱਰ ਆਇਆ, ਕਹਿੰਦੇ ਹਨ ਕਿ ਮੈਂ ਉਹ ਪਤੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ  ਸਾਹਮਣੇ ਰੱਖ ਦਿੱਤਾ । ਆਪ ਨੇ ਪੜ੍ਹਿਆ ਅਤੇ ਫਰਮਾਇਆ ਲਿੱਖ ਦਿਓ ਸਾਡਾ ਆਉਣਾ ਨਹੀਂ ਹੁੰਦਾ, ਮੈਂ ਹੁਣੇ ਨਹੀਂ ਆ ਸਕਦਾ । ਮੈਂ ਉਹੋ ਵਾਕ ਲਿੱਖ ਦਿੱਤਾ । ਇਸ'ਤੇ ਇਕ ਮਹੀਨਾ ਹੋਰ ਲੰਘ ਗਿਆ ਤਾਂ ਇਕ ਦਿਨ ਫਰਮਾਇਆ ਕਿ ਕਿੰਨ੍ਹੇ ਦਿਨ ਹੋ ਗਏ ਹਨ । ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਹੀ ਗਿਣਨ ਲੱਗ ਪਏ ਅਤੇ ਫ਼ਰਮਾਇਆ ਹੁਣ ਚਲੇ ਜਾਓ ਅਤੇ ਕਪੂਰਥਲਾ ਪਹੁੰਚ ਕੇ ਲਾਲਾ ਹਰਚੰਦ ਦਾਸ ਮਜਿਸਟ੍ਰੇਟ ਦੇ ਘਰ ਗਿਆ । ਮਜਿਸਟ੍ਰੇਟ ਦੀ ਅਦਾਲਤ ਵਿੱਚ ਹੀ ਮੁਲਾਜ਼ਮਤ ਸੀ ਤਾਂ ਜੋ ਪਤਾ ਕਰਾਂ ਕਿ ਕੀ ਫ਼ੈਸਲਾ ਹੁੰਦਾ ਹੈ ਕਿ ਨੌਕਰੀ ਵਿੱਚ ਰਖੱਣਾ ਹੈ ਜਾਂ ਕੱਢ ਦਿੱਤਾ ਹੈ ਜਾਂ ਜੁਰਮਾਨਾ ਕਰਨਾ ਹੈ ਜਾਂ ਕੀਤਾ ਹੋਇਆ ਹੈ । ਜੱਦ ਉਹਨਾਂ ਦੇ ਘਰ ਗਿਆ ਤਾਂ ਉਹਨਾਂ ਨੇ ਕਿਹਾ ਕਿ ਮੁਨਸ਼ੀ ਜੀ ਆਪ ਨੂੰ ਮਿਰਜ਼ਾ ਸਾਹਬ ਨੇ ਨਹੀਂ ਆਉਣ ਦਿੱਤਾ ਹੋਵੇਗਾ ਇਹੋ ਗੱਲ ਕੀਤੀ ਮਜਿਸਟ੍ਰੇਟ ਨੇ । ਮੈਂ ਕਿਹਾ ਹਾਂ, ਤਾਂ ਮਜਿਸਟ੍ਰੇਟ ਸਾਹਬ ਕਹਿਣ ਲੱਗੇ ਉਹਨਾਂ ਦੀ ਆਗਿਆ ਪਹਿਲਾਂ ਹੈ । ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਹੁਕਮ ਪਹਿਲਾਂ ਹੈ । ਫਿਰ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਮੀਆਂ ਅਤਾਉਲੱਾਹ ਸਾਹਬ ਦੀ ਰਿਵਾਇਤ ਹੈ ਐਨ੍ਹਾਂ ਅਧਿਕ ਹੈ ਕਿ ਮੁਨਸ਼ੀ ਸਾਹਬ ਮਰਹੂਮ ਨੇ ਫ਼ਰਮਾਇਆ ਕਿ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਲਿੱਖ ਦਿਓ ਕਿ ਅਸੀਂ ਨਹੀਂ ਆ ਸਕਦੇ ਤਾਂ ਮੈਂ ਉਹੋ ਸ਼ਬਦ ਲਿੱਖਕੇ ਮਜਿਸਟ੍ਰੇਟ ਨੂੰ ਭੇਜ ਦਿੱਤੇ । ਇਹ ਇਕ ਗੁਰੁਪ ਸੀ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਹ ਇਕ ਗੁਰੁਪ ਸੀ ਜਿਸ ਨੇ ਪ੍ਰੇਮ ਦਾ ਅਜਿਹਾ ਉਚੱਤਮ ਨਮੂਨਾ ਦਿਖਾਇਆ ਕਿ ਸਾਡੀਆਂ ਅਖਾਂ ਆਪਣੀਆਂ ਪਿਛਲੀਆਂ ਜਮਾਤਾਂ ਅੱਗੇ ਨੀਵੀਆਂ ਨਹੀਂ ਹੋ ਸਕਦੀਆਂ, ਸਾਡੀ ਜਮਾਤ ਦੇ ਸਜੱਣਾ ਵਿੱਚ ਕਿੰਨ੍ਹੀਆਂ ਹੀ ਕਮਜ਼ੋਰੀਆਂ ਹੋਣ ਕਿੰਨ੍ਹੀਆਂ ਹੀ ਗ਼ਫ਼ਲਤਾਂ ਹੋਣ ਪਰ ਜੇਕਰ ਹਜ਼ਰਤ ਮੂਸਾ ਦੇ ਸਹਾਬੀ ਸਾਡੇ ਸਾਹਮਣੇ ਆਪਣਾ ਨਮੂਨਾ ਪੇਸ਼ ਕਰਨ ਤਾਂ ਅਸੀਂ ਉਹਨਾਂ ਦੇ ਸਾਹਮਣੇ ਇਸ ਗੁਰੁਪ ਦਾ ਨਮੂਨਾ ਪੇਸ਼ ਕਰ ਸਕਦੇ ਹਾਂ । ਇਸੇ ਪ੍ਰਕਾਰ ਹਜਰਤ ਈਸਾ ਦੇ ਸਹਾਬੀ ਜੇਕਰ ਕਯਾਮਤ ਦੇ ਦਿਨ ਆਪਣੇ ਉਚੱਤਮ ਕਾਰਨਾਮੇ ਪੇਸ਼ ਕਰਨ ਤਾਂ ਅਸੀਂ ਫ਼ਖ਼ਰ ਨਾਲ ਉਹਨਾਂ ਦੇ ਸਾਹਮਣੇ ਆਪਣੇ ਆਪਣੇ ਇਹਨਾਂ ਸਹਾਬਾ ਨੂੰ ਪੇਸ਼ ਕਰ ਸਕਦੇ ਹਾਂ ਅਤੇ ਇਹ ਜੋ ਰਸੂਲੇ ਕਰੀਮ ਸਲਲੱਾਹੁ ਅਲਹਿ ਵਸਲਅਮ ਨੇ ਫ਼ਰਮਾਇਆ ਕਿ ਮੈਂ ਨਹੀਂ ਕਹਿ ਸਕਦਾ ਕਿ ਮੇਰੀ ਉਮੱਤ ਤੇ ਮਹਦੀ ਦੀ ਉਮੱਤ ਵਿੱਚ ਕੀ ਅੰਤਰ ਹੈ, ਵਾਸਤਵ ਵਿੱਚ ਅਜਿਹੇ ਲੋਕਾਂ ਕਰਕੇ ਹੀ ਕਿਹਾ ਹੈ । ਇਹ ਉਹ ਲੋਕ ਹਨ ਜੋ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ, ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ, ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਹੋਰਨਾ ਦੂਜੇ ਸਹਾਬਾ ਵਾਂਗ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਕਰਨ ਵਾਲੇ ਸਨ ਅਤੇ ਰੱਬ ਦੇ ਮਾਰਗ ਵਿੱਚ ਹਰ ਪ੍ਰਕਾਰ ਦੀਆਂ ਔਕੁੜਾਂ ਝਲੱਣ ਲਈ ਤਿਆਰ ਰਹਿੰਦੇ ਸਨ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਨੂੰ ਦੇਖ ਲਓ । ਉਹਨਾਂ ਨੂੰ ਕਿਉਂਕਿ ਰੱਬ ਨੇ ਆਪ ਜਮਾਤ ਵਿੱਚ ਇਕ ਵਿਸ਼ੇਸ਼ ਸਥਾਨ ਬਖਸ਼ ਦਿੱਤਾ ਹੈ ਇਸ ਲਈ ਮੈਂ ਉਨਹਾਂ ਦਾ ਨਾਂ ਨਹੀਂ ਲਿਆ, ਵਰਨਾ ਉਹਨਾਂ ਦੀਆਂ ਕੁਰਬਾਨੀਆਂ ਦੀਆਂ ਘਟਨਾਵਾਂ ਵੀ ਹੈਰਾਨੀ ਭਰਪੂਰ ਹਨ । ਆਪ ਜੱਦ ਕਾਦੀਆਂ ਵਿੱਚ ਆਏ ਤਾਂ ਉਸ ਸਮੇਂ 'ਭੇਰੇ' ਵਿੱਚ ਆਪ ਦੀ ਪ੍ਰੈਕਟਿਸ ਅਰੰਭ ਸੀ ਦਵਾਖਾਨਾ ਖੁਲੱਾ ਸੀ ਅਤੇ ਬਹੁਤ ਜ਼ੋਰਾਂ'ਤੇ ਕੰਮ ਹੋ ਰਿਹਾ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੱਦ ਆਪ ਨੂੰ ਆਪ ਤੋਂ ਵਾਪਸ ਜਾਣ ਦੀ ਆਗਿਆਮੰਗੀ ਤਾਂ ਆਪ ਨੇ ਫ਼ਰਮਾਇਆ ਕੀ ਜਾਣਾ ਹੈ ਆਪ ਇਸੇ ਥਾਂ ਰਹਿਣ । ਫਿਰ ਹਜ਼ਰਤ ਖ਼ਲੀਫ਼ਾ ਅਵੱਲ

ਰਜ਼ੀ ਅਲੱਾਹ ਅਨਹੁ ਸਮਾਨ ਲੈਣ ਵੀ ਆਪ ਨਹੀਂ ਗਏ ਸਗੋਂ ਕਿਸੇ ਦੂਜੇ ਆਦਮੀ ਨੂੰ ਭੇਜ ਕੇ ਭੇਰੇ ਤੋਂ ਆਪਣਾ ਸਾਮਾਨ ਮੰਗਵਾਇਆ । ਇਹੋ ਉਹ ਕੁਰਬਾਨੀਆਂ ਹਨ ਜੋ ਜਮਾਤਾਂ ਨੂੰ ਰੱਬ ਦੀ ਹਜ਼ੂਰੀ ਵਿੱਚ ਵਿਸ਼ੇਸ਼ ਕਰਦੀਆਂ ਹਨ ਅਤੇ ਇਹੋ ਉਹ ਅਸਥਾਨ ਹਨ ਜਿਸ ਦੇ ਪ੍ਰਾਪਤ ਕਰਨ ਦਾ ਹਰ ਮਨੁੱਖ ਨੂੰ ਸੰਘਰਸ਼ ਕਰਨਾ ਚਾਹੀਦਾ ਹੈ । ਕੇਵਲ ਦਾਰਸ਼ਨਿਕ ਈਮਾਨ ਮਨੁੱਖ ਦੇ ਕਿਸੇ ਕੰਮ ਨਹੀਂ ਆ ਸਕਦਾ । ਮਨੁੱਖ ਦੇ ਕੰਮ ਆਉਣ ਵਾਲਾ ਉਹੋ ਈਮਾਨ ਜਿਸ ਵਿੱਚ ਪ੍ਰੇਮ ਅਤੇ ਸਨੇਹ ਦੀ ਚਾਸ਼ਨੀ (ਮਿਠਾਸ) ਹੋਵੇ । ਦਾਰਸ਼ਨਿਕ ਆਪਣੇ ਪ੍ਰੇਮ ਦੇ ਕਿੰਨ੍ਹੇ ਹੀ ਦਾਵੇ ਕਰੇ ਇਕ ਦਲੀਲਬਾਜ਼ੀ ਤੋਂ ਬਹੁਤੀ ਉਕੱਤ ਨਹੀਂ ਹੁੰਦੀ, ਕਿਉਂਕਿ ਉਸ ਨੇ ਓੜ੍ਹਾਈ ਨੂੰ ਦਿਲ ਦੀਆਂ ਅਖੱਾਂ ਰਾਹੀਂ ਨਹੀਂ ਸਗੋਂ ਕੇਵਲ ਅਕਲ ਦੀ ਅਖੱਾਂ ਰਹੀਂ ਦੇਖਿਆ ਹੁੰਦਾ ਹੈ ਪਰ ਜੋ ਅਕਲ ਦੀ ਅੱਖ ਰਾਹੀਂ ਨਹੀਂ ਸਗੋਂ ਸਗੋਂ ਦਿਲ ਦੀਆਂ ਅਖੱਾਂ ਰਾਹੀਂ ਰੱਬ ਵੱਲੋਂ ਆਈ ਹੋਈ ਸਰੱਾਈ ਅਤੇ ਸ਼ਾਇਰੁਲੱਾਹ ਨੂੰ ਪਛਾਣ ਲੈਂਦਾ ਹੈ ਉਸ ਨੂੰ ਕੋਈ ਮਨੁੱਖ ਵੀ ਧੋਖਾ ਨਹੀਂ ਦੇ ਸਕਦਾ । ਇਸ ਲਈ ਕਿ ਦਿਮਾਗ ਵੱਲੋਂ ਦਾਰਸ਼ਨਿਕਤਾ ਦਾ ਹੱਥ ਉਠਦਾ ਹੈ । ਅਲਾਹ ਤਆਲਾ ਸਾਨੂੰ ਦਿਲ ਦੀਆਂ ਅੱਖਾਂ ਨਾਲ ਜ਼ਮਾਨੇ ਦੇ ਇਮਾਮ ਨੂੰ ਪਛਾਨਣ ਅਤੇ ਉਸ'ਤੇ ਸਦਾ ਕਾਇਮ ਰਹਿਣ ਦੀ ਤੋਫ਼ੀਕ ਪ੍ਰਦਾਨ ਕਰੇ । ਹਮੇਸ਼ਾਂ ਸਾਇਰੁਲੱਾਹ ਨੂੰ ਪਛਾਨਣ ਵਾਲਾ ਬਣਾਏ ਅਤੇ ਸ਼ੈਤਾਨ ਸਾਨੂੰ ਕਦੇ ਵੀ ਧੋਖਾ ਨੇ ਦੇ ਸਕੇ ।

ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਮੁਕਰੱਮ ਮੌਲਵੀ ਖ਼ੁਰਸ਼ੀਦ ਅਹਮਦ ਸਾਹਬ ਪ੍ਰਭਾਕਰ ਸਪੁਤੱਰ ਚੋਧਰੀ ਨਵਾਬ ਦੀਨ ਸਾਹਬ ਦੀ ਨਮਾਜ਼ ਜਨਾਜ਼ਾਂ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਆਪ ਦੇ ਗੁਣ ਵਰਨਣ ਕੀਤੇ । ਅਤੇ ਫ਼ਮਾਇਆ ਅਲੱਾਹ ਤਆਲਾ ਮਰਹੂਮ ਦੇ ਦਰਜਾਤ ਬੁਲੰਦ ਫ਼ਰਮਾਏ ਅਤੇ ਉਹਨਾਂ ਦੀ ਨਸਲ ਤੇ ਸੰਤਾਨ ਨੂੰ ਵੀ ਖ਼ਿਲਾਫ਼ਤ ਨਾਲ ਅਤੇ ਜਮਾਤ ਨਾਲ ਹਮੇਸ਼ਾ ਸਲੰਗਤ ਰਹਿਣ ਦੀ ਤੋਫ਼ੀਕ ਪ੍ਰਦਾਨ ਕਰਦਾ ਰਹੇ ।

**Khulasa Khutba 31.07.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131